**ਪ੍ਰਧਾਨ ਮੰਤਰੀ ਨੇ G20 ਸਿਖਰ ਸੰਮੇਲਨ 2025 ਦੇ ਮੌਕੇ 'ਤੇ ਇਟਲੀ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ (23 ਨਵੰਬਰ, 2025)**

23 ਨਵੰਬਰ, 2025

ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਜੋਹਾਨਸਬਰਗ, ਦੱਖਣੀ ਅਫਰੀਕਾ ਵਿੱਚ G20 ਸਿਖਰ ਸੰਮੇਲਨ ਦੇ ਦੌਰਾਨ ਇਟਾਲੀਅਨ ਗਣਰਾਜ ਦੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਜਾਰਜੀਆ ਮੇਲੋਨੀ ਨਾਲ ਮੁਲਾਕਾਤ ਕੀਤੀ. ਦੋਵੇਂ ਲੀਡਰਾਂ ਨੇ ਇਸ ਸਾਲ ਜੂਨ ਵਿੱਚ ਕੈਨੇਡਾ ਵਿੱਚ ਕਨਾਨਾਸਕਿਸ ਵਿੱਚ G7 ਸਿਖਰ ਸੰਮੇਲਨ ਦੇ ਦੌਰਾਨ ਸੰਖੇਪ ਵਿੱਚ ਗੱਲਬਾਤ ਕੀਤੀ ਸੀ.

2. ਪ੍ਰਧਾਨ ਮੰਤਰੀ ਮੇਲੋਨੀ ਨੇ ਦਿੱਲੀ ਵਿੱਚ ਅੱਤਵਾਦ ਦੀ ਘਟਨਾ 'ਤੇ ਭਾਰਤ ਨਾਲ ਇਕਜੁੱਟਤਾ ਪ੍ਰਗਟ ਕੀਤੀ ਅਤੇ ਇਟਲੀ ਦੀ ਅੱਤਵਾਦ ਦੇ ਸੰਕਟ ਨਾਲ ਲੜਨ ਲਈ ਮਿਲ ਕੇ ਕੰਮ ਕਰਨ ਦੀ ਮਜ਼ਬੂਤ ਵਚਨਬੱਧਤਾ ਨੂੰ ਦੁਹਰਾਇਆ. ਇਸ ਸੰਦਰਭ ਵਿੱਚ, ਦੋਵੇਂ ਲੀਡਰਾਂ ਨੇ ਅੱਤਵਾਦ ਦੇ ਵਿੱਤਪੋਸ਼ਣ ਦਾ ਮੁਕਾਬਲਾ ਕਰਨ ਲਈ 'ਭਾਰਤ-ਇਟਲੀ ਸੰਯੁਕਤ ਪਹਿਲ' ਅਪਣਾਈ। ਪਹਿਲ ਦਾ ਉਦੇਸ਼ ਅੱਤਵਾਦ ਦਾ ਮੁਕਾਬਲਾ ਕਰਨ ਲਈ ਦੁਵੱਲੇ ਸਹਿਯੋਗ ਨੂੰ ਗਹਿਰਾ ਕਰਨਾ ਅਤੇ ਵਿੱਤੀ ਕਾਰਵਾਈ ਕਾਰਜ ਬਲ (FATF) ਅਤੇ ਗਲੋਬਲ ਅੱਤਵਾਦ ਵਿਰੋਧੀ ਮੰਚ (GCTF) ਸਮੇਤ ਗਲੋਬਲ ਅਤੇ ਬਹੁਪੱਖੀ ਮੰਚਾਂ 'ਤੇ ਸਹਿਯੋਗ ਨੂੰ ਮਜ਼ਬੂਤ ਕਰਨਾ ਹੈ।

3. ਲੀਡਰਾਂ ਨੇ ਵਪਾਰ ਅਤੇ ਨਿਵੇਸ਼, ਰੱਖਿਆ, ਸੁਰੱਖਿਆ, ਪੁਲਾੜ, ਵਿਗਿਆਨ ਅਤੇ ਤਕਨੀਕ, ਸਿੱਖਿਆ ਅਤੇ ਲੋਕਾਂ ਵਿਚਕਾਰ ਦੇ ਆਪਸੀ ਸੰਬੰਧਾਂ ਵਰਗੇ ਸੈਕਟਰਾਂ ਵਿੱਚ ਦੁਵੱਲੀ ਰਣਨੀਤਿਕ ਸਾਂਝੇਦਾਰੀ ਵਿੱਚ ਹੋਏ ਵਿਕਾਸ ਦੀ ਸਮੀਖਿਆ ਕੀਤੀ ਅਤੇ ਸਕਾਰਾਤਮਕ ਮੁਲਾਂਕਣ ਕੀਤਾ. ਦੋਵੇਂ ਲੀਡਰਾਂ ਨੇ ਸੰਯੁਕਤ ਰਣਨੀਤਿਕ ਕਾਰਜ ਯੋਜਨਾ 2025-29 ਦੀ ਪ੍ਰਗਤੀ 'ਤੇ ਤਸੱਲੀ ਪ੍ਰਗਟਾਈ.

4. ਲੀਡਰਾਂ ਨੇ ਸੰਬੰਧਿਤ ਉਦਯੋਗਾਂ ਦੀ ਵੱਡੀ ਸੰਖਿਆ ਵਿੱਚ ਭਾਗੀਦਾਰੀ ਨਾਲ ਇਸ ਸਾਲ ਨਵੀਂ ਦਿੱਲੀ ਅਤੇ ਬ੍ਰੇਸਿਆ ਵਿੱਚ ਆਯੋਜਿਤ ਦੋ ਵਪਾਰਕ ਮੰਚਾਂ ਦਾ ਸੁਆਗਤ ਕੀਤਾ. ਲੀਡਰਾਂ ਨੇ ਦੋਵਾਂ ਅਰਥਵਿਵਸਥਾਵਾਂ ਦੀ ਮੁਕਾਬਲੇਬਾਜ਼ੀ ਨੂੰ ਵਧਾਉਣ ਅਤੇ ਲਚਕੀਲੀ ਸਪਲਾਈ ਚੇਨ ਬਣਾਉਣ ਦੇ ਉਦੇਸ਼ ਨਾਲ ਕਾਰੋਬਾਰ, ਤਕਨਾਲੋਜੀ, ਨਵੀਨਤਾ ਅਤੇ ਨਿਵੇਸ਼ ਸਾਂਝੇਦਾਰੀ ਨੂੰ ਵਧਾਉਣ ਲਈ ਚੱਲ ਰਹੇ ਯਤਨਾਂ ਦਾ ਜ਼ਿਕਰ ਕੀਤਾ।

5. ਲੀਡਰਾਂ ਨੇ ਹਾਲ ਹੀ ਵਿੱਚ ਭਾਰਤ ਵਿੱਚ ਇੱਕ ਇਟਲੀ ਪੁਲਾੜ ਵਫ਼ਦ ਦੇ ਦੌਰੇ ਦੀ ਪ੍ਰਸ਼ੰਸਾ ਕੀਤੀ, ਜੋ ਸਰਕਾਰ ਦੇ ਨਾਲ-ਨਾਲ ਨਿੱਜੀ ਖੇਤਰ ਦੇ ਪੱਧਰਾਂ ਵਿੱਚ ਇਸ ਡੋਮੇਨ ਵਿੱਚ ਸਹਿਯੋਗ ਨੂੰ ਵਧਾਏਗਾ।

6. ਪ੍ਰਧਾਨ ਮੰਤਰੀ ਮੇਲੋਨੀ ਨੇ ਇੱਕ ਪਰਸਪਰ ਲਾਭਕਾਰੀ ਭਾਰਤ-ਯੂਰੋਪੀਅਨ ਮੁਕਤ ਵਪਾਰ ਸਮਝੌਤੇ ਨੂੰ ਪੂਰਾ ਕਰਨ ਅਤੇ 2026 ਵਿੱਚ ਭਾਰਤ ਵਲੋਂ ਆਯੋਜਿਤ ਕੀਤੇ ਜਾਣ ਵਾਲੇ AI ਪ੍ਰਭਾਵ ਸੰਮੇਲਨ ਦੀ ਸਫਲਤਾ ਲਈ ਇਟਲੀ ਦੇ ਮਜ਼ਬੂਤ ਸਮਰਥਨ ਨੂੰ ਦੁਹਰਾਇਆ.

7. ਇਸ ਮੁਲਾਕਾਤ ਨੇ ਦੋਵਾਂ ਦੇਸ਼ਾਂ ਦੇ ਵਿਚਕਾਰ ਨਿਯਮਿਤ ਉੱਚ-ਪੱਧਰੀ ਆਦਾਨ-ਪ੍ਰਦਾਨ ਦੀ ਪਰੰਪਰਾ ਦੀ ਪੁਸ਼ਟੀ ਕੀਤੀ. ਦੋਵੇਂ ਲੀਡਰ ਨੇ ਲੋਕਤੰਤਰ, ਕਨੂੰਨ ਦੇ ਸ਼ਾਸਨ ਅਤੇ ਟਿਕਾਊ ਵਿਕਾਸ ਦੀ ਆਪਣੀ ਸਾਂਝੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਬਹੁ-ਪੱਖੀ ਅਤੇ ਗਲੋਬਲ ਮੰਚਾਂ ਵਿੱਚ ਆਪਣੀ ਵਾਰਤਾ ਨੂੰ ਜਾਰੀ ਰੱਖਣ ਅਤੇ ਮਿਲ ਕੇ ਕੰਮ ਕਰਨ ਦੀ ਉਮੀਦ ਕੀਤੀ।

ਜੋਹਾਨਸਬਰਗ

23 ਨਵੰਬਰ, 2025